ਪੰਜਾਬ ਸਰਕਾਰ
ਵਿੱਤ ਵਿਭਾਗ
ਵਿੱਤ ਪ੍ਰਸੋਨਲ-2 ਸ਼ਾਖਾ

ਸੇਵਾ ਵਿਖੇ,

ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ
ਪੰਜਾਬ ਰਾਜ ਦੇ ਸਾਰੇ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ,
ਸਮੂਹ ਡਵੀਜ਼ਨਾਂ ਦੇ ਕਮਿਸ਼ਨਰ, ਜਿਲ੍ਹਾਂ ਅਤੇ ਸੈਸ਼ਨ ਜੱਜ,
ਸਮੂਹ ਡਿਪਟੀ ਕਮਿਸ਼ਨਰਜ਼ ਅਤੇ ਸੱਬ ਡਵੀਜਨਾਂ ਦੇ ਅਧਿਕਾਰੀ।

ਵਿਸ਼ਾ: ਪੰਜਾਬ ਸਿਵਲ ਸਰਵਿਸਿਜ਼ ਨਿਯਮਾਂਵਲੀ ਜਿਲਦ-1 ਪਾਰਟ-1 ਦੇ ਚੈਪਟਰ 12 ਦੇ ਰੂਲ 12.5 ਅਨੁਸਾਰ ਸਰਵਿਸ ਪੱਤਰੀ ਦੀ ਕਾਪੀ ਉਪਲਬੱਧ ਕਰਵਾਉਣ ਸਬੰਧੀ।

ਸ੍ਰੀ ਮਾਨ ਜੀ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਿਵਲ ਸਰਵਿਸਿਜ਼ ਨਿਯਮਾਂਵਲੀ ਜਿਲਦ-1 ਪਾਰਟ-1 ਦੇ ਚੈਪਟਰ 12 ਦੇ ਰੂਲ 12.5 ਜਿਸ ਅਨੁਸਾਰ ਸਰਵਿਸ ਪੱਤਰੀ ਦੀ ਕਾਪੀ ਦੇਣ ਦਾ ਉਪਬੰਧ ਕੀਤਾ ਹੋਇਆ ਹੈ, ਵੱਲ ਦਿਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਕੋਈ ਵੀ ਸਰਕਾਰੀ ਕਰਮਚਾਰੀ/ਪੈਨਸ਼ਨਰ ਸਾਲ ਵਿੱਚ ਆਪਣੀ ਸਰਵਿਸ ਪੱਤਰੀ ਦੀ ਇੱਕ ਵਾਰ ਪੰਜ ਰੁਪਏ ਪ੍ਰਤੀ ਪੇਜ ਦੇ ਹਿਸਾਬ ਨਾਲ ਨਿੱਜੀ ਰਿਕਾਰਡ ਲਈ ਸਰਟੀਫਾਈਡ ਕਾਪੀ ਪ੍ਰਾਪਤ ਕਰ ਸਕਦਾ ਹੈ। ਸਰਕਾਰੀ ਕਰਮਚਾਰੀ ਸੇਵਾ ਛੱਡਣ/ਰਿਟਾਇਰਮੈਂਟ ਉਪਰੰਤ 200/- ਰੁਪਏ ਦੀ ਕੁੱਲ ਫੀਸ ਦਾ ਭੁਗਤਾਨ ਕਰਦੇ ਹੋਏ ਆਪਣੀ ਸੇਵਾ ਪੱਤਰੀ ਦੀ ਸਰਟੀਫਾਈਡ ਕਾਪੀ ਪ੍ਰਾਪਤ ਕਰ ਸਕਦਾ ਹੈ।

ਵਿਸ਼ਵਾਸਪਾਤਰ

(ਅਧੀਨ ਸਕੱਤਰ, ਵਿੱਤ)